# ਦਫਤਰ ਜਿਲ੍ਹਾ ਸਿਖਿਆ ਅਫਸਰ ( ਸੈ. ਸਿ ) ਬਠਿੰਡਾ

ਤੀਸਰੀ ਮੰਜਿਲ ਮਿਨੀ ਸਕੱਤਰੇਤ ਬਠਿੰਡਾ
Email Id. deose.bathinda@punjabeducation.gov.in

ਅਤਿ ਜਰੂਰੀ

ਵੱਲ

ਸਬੰਧਤ ਏਜੰਸੀਆ ਸਾਈਕੋਮੈਟਰਿਕ

1) Jain coaching center
2) Limitless less pri limited
3) Shiksha Bhavishyaan
4) DIETELO mind PRIVATE LIMITED
5) DIETELO INDIA PRIVATE LIMITED
6) Genius Brains Life Solution
7) Mind wellness Counselling Services (regd.)
8) Manovas CHD
9) PsychoWaves
10) Nobal Minds Educare
11) Learn Logic

ਪੱਤਰ ਨੰ ਜੀ-1()2026/2223 ਮਿਤੀ 21.01.2026

ਵਿਸ਼ਾ ਸ਼ੈਸਨ 2025-26 ਵਿਚ ਵਿਦਿਆਰਥੀਆਂ ਦੇ ਸਾਈਕੋਮੈਟਰਿਕ ਟੈਸਟ ਕਰਵਾਉਣ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਦਫਤਰ ਵੱਲੋਂ ਮਿਤੀ **05.01.2026,08.01.2026** ਅਤੇ12.01.2026 ਨੂੰ ਉਕਤ ਏਜੰਸੀਆਂ ਦਾ ਇੰਨਟਰਵਿਊ ਰੱਖਿਆ ਗਿਆ ਸੀ ਉਸ ਦੇ ਅਧਾਰ ਤੇ ਉਕਤ ਏਜੰਸੀਆਂ ਨੂੰ ਵਿਸ਼ੇ ਅਧੀਨ ਕੰਮ ਕਰਵਾਉਣ ਲਈ ਸਿਲੇਕਟ ਕੀਤਾ ਜਾਂਦਾ ਹੈ ਅਤੇ ਇਸ ਦੇ ਲਈ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

1) ਇਹ ਟੈਸਟ ਸਿਰਫ ਤਿੰਨ ਸਾਲਾਂ ਦਾ ਤਜਰਬਾ ਰੱਖਦੇ ਅਧਿਆਪਕਾਂ ਵੱਲੋਂ ਹੀ ਕੀਤਾ ਜਾਵੇਗਾ ਅਤੇ ਜਿਹੜੇ ਅਧਿਆਪਕਾਂ ਵੱਲੋਂ ਇਹ ਟੈਸਟ ਕੀਤਾ ਜਾਵੇਗਾ ਉਨ੍ਹਾਂ ਕੋਲ ਆਪਣੇ ਆਈ.ਕਾਰਡ ਸਮੇਤ ਫੋਟੋ ਹੋਣੇ ਲਾਜ਼ਮੀ ਹੋਣਗੇ ।
2) ਇਹ ਟੈਸਟ ਦੋਵਾਂ ਭਾਸ਼ਾਵਾਂ (ਪੰਜਾਬੀ ਅਤੇ ਅੰਗਰੇਜ਼ੀ) ਵਿੱਚ ਹੋਣਾ ਚਾਹੀਦਾ ਹੈ ਅਤੇ ਇਸ ਦੀ ਟੈਸਲਿੰਗ ਰਿਪੋਰਟ ਵੀ ਦੋਵਾਂ ਭਾਸ਼ਾਵਾਂ ਵਿਚ ਦੋ ਪੜ੍ਹਤਾਂ ਵਿੱਚ ਤਿਆਰ ਕੀਤੀ ਜਾਵੇ ।
3) ਵਿਦਿਆਰਥੀਆਂ ਦੀ ਟੈਸਟਿੰਗ ਰਿਪੋਰਟ ਜੋ ਆਪ ਵੱਲੋਂ ਤਿਆਰ ਕੀਤੀ ਜਾਵੇਗੀ ਉਸ ਵਿਚ 11ਵੀਂ ਜਮਾਤ ਦੇ ਵਿਦਿਆਰਥੀਆਂ ਦੀ Stream ਸਿਲੇਕਸ਼ਨ ਦੀ Preference ਹੋਣੀ ਚਾਹੀਦੀ ਹੈ ਅਤੇ ਨਾਲ ਹੀ ਵਿਦਿਆਰਥੀਆਂ ਵੱਲੋਂ ਆਪਣੀ ਜਿੰਦਗੀ ਦਾ ਟੀਚਾ /ਟਾਰਗਟ/ Aim ( ਜਿਸ ਫੀਲਡ ਵਿਚ ਵਿਦਿਆਰਥੀ ਜਾਣਾ ਚਾਹੁੰਦਾ ਹੈ ) ਦਾ ਜਿਕਰ ਵੀ ਰਿਪੋਰਟ ਵਿੱਚ ਹੋਣਾ ਚਾਹੀਦਾ ਹੈ ਅਤੇ ਉਸ ਦੇ ਟੀਚਾ /ਟਾਰਗਟ/ Aim ਅਨੁਸਾਰ ਹੀ ਵਿਦਿਆਰਥੀਆਂ ਦੇ Stream ਦੀ ਸਿਲੇਕਸ਼ਨ ਫਾਈਨਲ ਕਰਨ ਤੋਂ ਬਾਅਦ 11ਵੀਂ ਜਮਾਤ ਦੇ ਵਿਸ਼ਿਆਂ ਦੀ ਡਿਟੇਲ ( ਜਾਣਕਾਰੀ) ਹੋਣੀ ਚਾਹੀਦੀ ਹੈ ਅਤੇ 11ਵੀਂ ਜਮਾਤ ਕਰਨ ਲਈ ਉਸ ਦੇ ਨੇੜਲੇ ਸਕੂਲ ਅਤੇ ਸਰਕਾਰ ਦੇ ਮੈਰੀਟੋਰੀਅਸ /ਸਕੂਲ ਆਫ ਐਮੀਨੈਂਸ ਆਦਿ ਦੇ ਦਾਖਲੇ ਦੀ ਜਾਣਕਾਰੀ ਰਿਪੋਰਟ ਵਿੱਚ ਹੋਣੀ ਚਾਹੀਦੀ ਹੈ ।
4) ਇਸ ਦੇ ਨਾਲ ਹੀ 12ਵੀਂ ਜਮਾਤ ਤੋਂ ਬਾਅਦ ਡਿਗਰੀ ਜਾਂ ਡਿਪਲੋਮਾ ਦੀ ਜਾਣਕਾਰੀ, ਜੇਕਰ ਉਕਤ ਡਿਗਰੀ ਜਾਂ ਡਿਪਲੋਮਾ ਕਰਨ ਲਈ ਕੋਈ Entrance Test ਲੋੜੀਂਦਾ ਹੈ ਤਾਂ ਉਸ ਦੀ ਜਾਣਕਾਰੀ ਜਿਵੇਂ ਕਿ ਉਦਾਹਰਣ ਦੇ ਤੌਰ . ਤੇ ਮੈਡੀਕਲ ਵਿਦਿਆਰਥੀਆਂ ਲਈ Entrance Test NEET ਦੀ ਤਿਆਰੀ ਲਈ ਵਿਸਥਾਰਪੂਰਵ ਜਾਣਕਾਰੀ ਅਤੇ ਉਸ ਦੇ ਆਸ ਪਾਸ ਦੇ ਸੋਰਸ ਭਾਵ ਕਿ ਉਕਤ ਟੈਸਟ ਲਈ ਕੋਈ NGO/Govt ਸੰਸਥਾ ਵੱਲੋਂ ਦਿੱਤੀ ਜਾ ਰਹੀਂ ਸਿਖਲਾਈ (ਕੋਚਿੰਗ ) ਦੀ ਜਾਣਕਾਰੀ ਅਤੇ Govt ਵੱਲੋਂ ਦਿੱਤੀ ਜਾ ਰਹੀਂ Scholarship/ ਵਜੀਫਾ ਆਦਿ ਵਿਸਥਾਰਪੂਰਵ ਜਾਣਕਾਰੀ ਰਿਪੋਰਟ ਵਿੱਚ ਦਿੱਤੀ ਜਾਵੇ ਅਤੇ ਉਕਤ ਡਿਗਰੀ/ਡਿਪਲੋਮਾ ਕਰਵਾਉਣ ਵਾਲੇ ਸਰਕਾਰੀ ਸੰਸਥਾਵਾਂ ਦੀ ਜਾਣਕਾਰੀ ਰਿਪੋਰਟ ਵਿੱਚ ਦਿੱਤੀ ਜਾਵੇ ਅਤੇ ਡਿਗਰੀ/ਡਿਪਲੋਮਾ ਤੋਂ ਬਾਅਦ ਵਿਦਿਆਰਥੀ ਜੋ ਵੀ ਕਰਨਾ ਚਾਹੁੰਦਾ ਹੈ ਜਾਂ ਕਿਸੇ ਵੀ ਫੀਲਡ ਵਿਚ ਜਾਣਾ ਚਾਹੁੰਦਾ ਹੈ ।,ਉਸ ਟੀਚੇ ਤੱਕ ਪਹੁੰਚਣ ਲਈ ਰੋਡ ਮੈਪ, ਤਿਆਰ ਕਰਕੇ ਵਿਦਿਆਰਥੀ ਨੂੰ ਰਿਪੋਰਟ ਵਿੱਚ ਦਿੱਤਾ ਜਾਵੇ ।
5) ਵਿਦਿਆਰਥੀਆਂ ਦੇ ਟੀਚੇ ਨੂੰ ਪੂਰਾ ਕਰਨ ਲਈ ਕੋਈ ਵੀ Test ਹੈ ਉਸ ਦੀ ਵਿਸਤਾਰਪੂਰਵ ਜਾਣਕਾਰੀ ਅਤੇ ਉਸ ਨੂੰ ਪੂਰਾ ਕਰਨ ਲਈ NGO/Govt Institute ਹਨ ਉਨ੍ਹਾਂ ਦੀ ਜਾਣਕਾਰੀ ਰਿਪੋਰਟ ਵਿਚ ਵਿਸਥਾਰਪੂਰਵ ਦਿੱਤੀ ਜਾਵੇ (ਜਿਵੇਂ ਕਿ ਪੀ.ਸੀ. ਐਸ ਤਿਆਰੀ ਕਰਨ ਲਈ **Ambedkar Institute of Careers &Courses** )
6) ਇਸ ਤੋਂ ਇਲਾਵਾ ਹੋਰ ਕੋਈ ਸੋਸਲ ਸਾਈਟ/ਚੈਨਲ ਜੋ ਕਿ ਮੁਫਤ ਵਿਚ ਵਿਦਿਆਰਥੀਆਂ ਨੂੰ ਤਿਆਰੀ ਕਰਵਾਉਂਦੇ ਉਨ੍ਹਾਂ ਬਾਰੇ ਵੀ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ ਹੈ ਅਤੇ ਇਸ ਦੇ ਨਾਲ -2 ਉਕਤ ਵਿਦਿਆਰਥੀਆਂ ਦੇ Aim ਅਨੁਸਾਰ ਕਾਊਸਲਿੰਗ ਵਿਦਿਆਰਥੀਆਂ ਦੇ ਆਲੇ –ਦੁਆਲੇ ਦੇ ਵਾਤਾਵਰਣ ਨੂੰ (ਸਮਾਜਿਕ/ਘਰੇਲੂ ਹਲਾਤਾਂ ) ਧਿਆਨ ਵਿਚ ਰੱਖਦੇ ਮਾਪਿਆਂ/ਅਧਿਆਪਕਾਂ /ਜਮਾਤ ਇੰਚਾਰਜ਼ ਦੀ ਮੋਜੂਦਗੀ ਵਿਚ ਹੋਣੀ ਚਾਹੀਦੀ ਹੈ ।
7) ਇਹ ਟੈਸਟ 31ਜਨਵਰੀ 2026 ਤੱਕ ਕਰਵਾਉਣ ਉਪਰੰਤ ਇਸ ਦੀ ਰਿਪੋਰਟ ਦਫਤਰ ਨੂੰ ਦਿੱਤੀ ਜਾਵੇ ।
8) ਇਹ ਟੈਸਟ ਪੀ.ਐਮ.ਸ਼੍ਰੀ ਸਕੂਲਾਂ ਵਿਚ ਨਹੀਂ ਕੀਤਾ ਜਾਵੇਗਾ ।
9) ਇਹ ਟੈਸਟ ਸਕੂਲਾਂ ਵਿਚ ਪੜ੍ਹਦੇ ਲੜਕਿਆਂ ਦਾ ਵੀ ਕੀਤਾ ਜਾਵੇਗਾ ।

ਜਿਲ੍ਹਾ ਸਿੱਖਿਆ ਅਫਸਰ (ਸੈ,ਸਿ)
ਬਠਿੰਡਾ

ਪਿਠ ਅੰਕਣ ਨੰ : ਉਕਤ ਮਿਤੀ :21.01.2026

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਏਜੰਸੀਆਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਅਤੇ ਵਿਭਾਗ ਅਨੁਸਾਰ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ,ਸਿ)
ਬਠਿੰਡਾ।

Scanned with OKEN Scanner